# ਕਲਾਸ -12

## ਵਿਸ਼ਾ-ਪੰਜਾਬੀ

ਸਮਾ:3 ਘੰਟੇ ਕੁੱਲ ਅੰਕ: 80

1) ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾ ਦੇ ਉੱਤਰ ਲਿਖੋ। **(08)**

ਅਰਦਾਸ ਦਾ ਅਸਲ ਮੰਤਵ ਦਾਤਾਂ ਮੰਗਣੀਆਂ ਨਹੀਂ । ਵਾਹਿਗੁਰੂ ਤਾਂ ਸਾਡੇ ਅੰਦਰ ਦੀਆਂ ਜਾਣਦਾ ਹੈ । ਸਾਡੇ ਮੰਗੇ ਬਗੈਰ ਹੀ ਉਸਨੂੰ ਸਾਡੀਆਂ ਲੋੜਾਂ ਦਾ ਪਤਾ ਹੈ ।ਆਪਣੀਆਂ ਦਾਤਾ ਉਹ ਸਾਡੇ ਬਿਨਾਂ ਮੰਗੇ ਹੀ ਲੁਟਾਉਂਦਾ ਫਿਰਦਾ ਹੈ । ਉਹ ਤਾਂ ਚੰਗੇ ਮੰਦੇ ਸਭ ਜੀਆਂ ਦਾ ਫਿਕਰ ਕਰਦਾ ਹੈ । ਉਸ ਦਾ ਸੂਰਜ ਪਾਪੀਆਂ ਤੇ ਪੁੰਨ ਕਰਨ ਵਾਲਿਆਂ ਦੋਨਾ ਲਈ ਇਕੋ ਜਿਹੀ ਧੁੱਪ ਵਰਤਾਉਂਦਾ ਹੈ। ਦਾਤਾਂ ਦੇਣ ਲਈ ਉਹ ਸਾਡੀਆਂ ਅਰਦਾਸਾਂ ਕਦੋਂ ਉਡੀਕਦਾ ਹੈ।ਪੂਰਨ ਪਿਆਰ ਉਸ ਦੀ ਰੀਤ ਹੈ। ਮੰਦੇ ਉਸ ਪਾਸੋ ਮੰਗਦੇ ਵੀ ਨਹੀਂ ਫਿਰ ਵੀ ਦਾਤਾਂ ਪ੍ਰਾਪਤ ਕਰਦੇ ਹਨ।ਅਰਦਾਸ ਦਾ ਮੰਤਵ ਲੋੜਾਂ ਦੱਸਣਾ ਨਹੀਂ, ਵਾਹਿਗੁਰੂ ਦੀ ਨੇੜਤਾ ਪ੍ਰਾਪਤ ਕਰਨਾ ਹੈ।ਅਰਦਾਸ ਤਾਂ ਵਾਹਿਗੁਰੂ ਜੀ ਅੱਗੇ ਆਪਣਾ ਦਿਲ ਖੋਲਣ ਦਾ ਸਾਧਨ ਹੈ।ਦਿਲ ਦੇ ਦਰਵਾਜੇ ਖੋਲ੍ਹੀਏ, ਤਾ ਦੈਵੀ ਪ੍ਰਕਾਸ਼ ਅੰਦਰ ਪ੍ਰਵੇਸ਼ ਕਰਦਾ ਹੈ। ਅਰਦਾਸ ਨੂੰ ਅਸੀਂ ਵਾਹਿਗੁਰੂ ਜੀ ਨਾਲ ਆਪਣਾ ਸੁੱਖ ਦੁੱਖ ਫੋਲਣ ਦਾ ਸਾਧਨ ਬਣਾ ਕੇ ਪ੍ਰਮਾਤਮਾ ਦੀ ਨੇੜਤਾ ਦੇ ਪਾਤਰ ਬਣ ਸਕਦੇ ਹਾਂ।

1. ਸਾਡੇ ਦਿਲ ਦੀਆਂ ਕੌਣ ਜਾਣਦਾ ਹੈ ?
2. ਅਰਦਾਸ ਦਾ ਅਸਲ ਮੰਤਵ ਕੀ ਹੈ ?
3. ਅਰਦਾਸ ਕਿਸ ਅੱਗੇ ਕੀਤੀ ਜਾਂਦੀ ਹੈ ?
4. ਇਸ ਪੈਰ੍ਹਾ ਰਚਨਾ ਦਾ ਸਿਰਲੇਖ ਲਿਖੋ ?

2. ਹੇਠ ਲਿਖੇ ਵਿਸ਼ਿਆ ਵਿੱਚੋ ਕਿਸੇ ਇੱਕ ਤੇ 200-250 ਸ਼ਬਦਾਂ ਵਿੱਚ ਲਿਖੋ। **(08)**

1. ਸਮੇਂ ਦੀ ਕਦਰ।
2. ਵਿੱਦਿਆ ਦੀ ਕਦਰ।
3. ਮੇਰੇ ਜੀਵਨ ਦਾ ਉਦੇਸ਼।
Downloaded from cclchapter.com
4. ਮੋਬਾਇਲ ਫੋਨ।
5. ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।

Scanned with OKEN Scanner
Scanned with OKEN Scanner

3 . ਹੇਠ ਲਿਖੇ ਸੰਕੇਤਾ ਦੀ ਸਹਾਇਤਾ ਨਾਲ 100-125 ਸ਼ਬਦਾਂ ਵਿੱਚ ਕਹਾਣੀ ਪੂਰੀ ਕਰੋ। **(6)**

ਇੱਕ ਸ਼ਹਿਰ ਵਿੱਚ ਇੱਕ ਆਦਮੀ ........ਮੁਰਗੀ ਸੋਨੇ ਦਾ ਆਂਡਾ ਦਿੰਦੀ ............ਆਂਡੇ ਨੂੰ ਵੇਚ ਕੇ ਗੁਜਾਰਾ..........ਇੱਕ ਅਮੀਰ ਆਦਮੀ ਬਨਣਾ .......ਜਿਆਦਾ ਆਂਡਿਆ ਲਈ ਲਾਲਸਾ ਵਧਦੀ............ਸਮੇਂ ਸੋਚਦਾ ਰਹਿੰਦਾ ਸੀ ਕਿ ਜਿਆਦਾ ਆਂਡੇ ........ਉਸਨੇ ਇਸਦਾ ਤਰੀਕਾ ...........ਮੁਰਗੀ ਜਦੋਂ ਬਾਹਰੋ ਦਾਣਾ ਚੁਗ ਕੇ.........ਪਕੜ ਕੇ ਉਸਨੇ ਛੁਰੀ ਨਾਲ .........ਮੁਰਗੀ ਦਾ ਪੇਟ ਚੀਰਨ ਨਾਲ..............ਦੀ ਜਾਨ ਜਰੂਰ ਚਲੀ ..............ਸਿੱਖਿਆ ...............ਲਾਲਚ...............।

4 . ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ ,ਜਿਸ ਵਿੱਚ ਅਪਣੇ ਆਲੇ-ਦੁਆਲੇ ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਪਾਈ ਜਾਂਦੀ ਮਿਲਾਵਟ ਵਾਰੇ ਦੱਸਿਆ ਜਾਵੇ । **(6)**

5.ਮੁਹਾਵਰੇ :(ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਨੂੰ ਹੱਲ ਕਰੋ)।(3)

ੳ) 'ਵਾਲ ਵਿੰਗਾ ਨਾ ਕਰਨਾ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ ?

1. ਬਹੁਤ ਨੁਕਸਾਨ ਕਰਨਾ 2. ਕੁੱਝ ਨਾ ਵਿਗਾੜ ਕਰਨਾ
3. ਸਬ ਤੋੜ-ਫੋੜ ਦੇਣਾ 4. ਉਪਰੋਕਤ ਸਾਰੇ

ਅ)"ਰਾਈ ਦਾ ਪਹਾੜ ਬਣਾਉਣਾ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ ?

1. ਸਧਾਰਣ ਗੱਲ ਨੂੰ ਵਧਾ ਚੜਾ ਕੇ ਕਿਹਣਾ 2. ਝੂਠ ਬੋਲਣਾ
3. ਸੱਚ ਬੋਲਣਾ 4. ਮਨਘੜਤ ਕਹਾਣੀ

ੲ) 'ਹੱਥ ਤੰਗ ਹੋਣਾ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ ?

1. ਪੈਸਾ ਬਹੁਤ ਜਿਆਦਾ ਹੋਣਾ 2. ਗਰੀਬੀ ਆਉਣੀ
3. ਕੰਜੂਸ ਹੋਣਾ 4. ਬਹੁਤ ਜਿਆਦਾ ਪੈਸਾ ਹੋਣਾ

6 . ਅਖਾਣ: ਪੁੱਛੇ ਗਏ ਅਨੁਸਾਰ ਦੋ ਪ੍ਰਸ਼ਨਾ ਨੂੰ ਹੱਲ ਕਰੋ। **(02)**

ੳ) ਸੋ ਸੁਨਿਆਰ ਦੀ ਇੱਕ ਲੋਹਾਰ ਦੀ,ਅਖਾਣ ਦਾ ਸਹੀ ਅਰਥ ਕੀ ਹੈ ?

1. ਸੋ ਹੱਲਿਆ ਦੀ ਥਾ ਇਕੋ ਸਖ਼ਤ ਹੱਲਾ ਵਧੇਰੇ ਅਸਰਦਾਇਕ ਹੈ।

Downloaded from cclchapter.com

2. ਸੁਨਿਆਰ ਲੁਹਾਰ ਨਾਲੋਂ ਵੱਧ ਤਾਕਤਵਰ ਹੈ।
3. ਸੁਨਿਆਰੇ ਦਾ ਅਮੀਰ ਹੋਣਾ।
4. ਲੁਹਾਰ ਸੁਨਿਆਰ ਨਾਲੋਂ ਵੱਧ ਤਾਕਤਵਰ ਹੈ ।

Scanned with OKEN Scanner

Scanned with OKEN Scanner

ਅ) ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ, ਅਖਾਣ ਦਾ ਕਿਹੜਾ ਅਰਥ ਸਹੀ ਹੈ ?

1. ਮੌਕੇ ਅਨੁਸਾਰ ਬਦਲ ਜਾਣਾ।
2. ਧੋਖੇਬਾਜ ਆਦਮੀ ।
3. ਸਿਆਣਾ ਆਦਮੀ ।
4. ਉਪਰੋਕਤ ਸਾਰੇ ।

7. ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ । **(02)**

ੳ) ਬੇਟਾ ਤੁਹਾਡਾ ਨਾਂ ਕੀ ਹੈ

ਅ)ਸ਼ਾਬਾਸ਼ ਤੂੰ ਤਾ ਕਮਾਲ ਕਰ ਦਿੱਤੀ ਏ

8. ਹੇਠ ਲਿਖੇ ਵਾਕਾ ਦੇ ਵਾਕ ਵੰਡ ਕਰੋ । **(02)**

ੳ) ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।

ਅ) ਬਲਵੀਰ ਕਿਤਾਬ ਦਿਲ ਲਾ ਕੇ ਪੜ੍ਹਦਾ ਹੈ ।

9. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ । (0**3)**

ੳ) ਤੁਸੀ ਸਟੇਸ਼ਨ ਗਏ ਸੀ ਕੀ।

ਅ) ਪਾਣੀ ਮੈਂ ਪੀਂਦਾ ਹਾਂ।

ੲ) ਲੜਕੇ ਫੁੱਟਬਾਲ ਖੇਡ ਰਹੀ ਹੈ।

10. **ਹੇਠ ਲਿਖੇ ਕਾਵਿ ਬੰਦਾਂ ਵਿੱਚੋਂ ਕਿਸੇ ਇੱਕ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾ ਦੇ ਉਤੱਰ ਲਿਖੋ । (6)**

ੳ) ਸਾਵੇ ਸਾਵੇ ਘਾਹ ਉੱਤੇ ਗਊਆਂ ਤੇ ਮੱਝੀਆ ਦਾ ਚਰਨਾ।
ਸਿਰ ਆਪਣੇ ਨੀਵੇਂ ਕੀਤੇ,ਪਸ਼ੂਆ ਦਾ ਚੁੱਪ ਚਪੀਤੇ,
Downloaded from cclchapter.com
ਚੁਗਣਾ ਤੇ ਰੱਜਣਾ ਤੇ ਨੱਸਣਾ।
ਦੇਖ ਦੇਖ ਮੁੜ ਮੁੜ ਲੋਚਾਂ,ਮੈਂ ਮੁੜ ਪਸ਼ੂ ਥੀਣ ਨੂੰ
ਆਦਮੀ ਬਣ ਬਣ ਥੱਕਿਆ।

1. ਉੱਪਰੋਕਤ ਕਾਵਿ ਬੰਦ ਦੀ ਵਿਆਖਿਆ ਕਰੋ ?
2. ਉੱਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ ?

Scanned with OKEN Scanner

Scanned with OKEN Scanner

3. ਕਵੀ ਇਹ ਕਿਉ ਕਹਿੰਦਾ ਹੈ ,ਮੈ ਆਦਮੀ ਬਣ ਬਣ ਥੱਕਿਆ ?

ਅ)ਸੁਪਨੇ ਵਿੱਚ ਤੁਸੀ ਮਿਲੇ ਅਸਾਨੂੰ, ਅਸੀ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ
ਥਾ ਚਰਨਾਂ ਤੇ ਸ਼ਿਸ ਨਿਵਾਯਾ, ਸਾਡੇ ਮੱਥੇ ਛੁਹ ਨਾ ਪਾਈ।

1. ਇਹ ਸਤਰਾਂ ਕਿਸ ਕਵਿਤਾ ਵਿਚੋ ਹਨ।ਕਵੀ ਦਾ ਨਾਂ ਵੀ ਲਿਖੋ ?

2. ਚਰਨਾਂ ਤੇ ਸ਼ਿਸ ਨਿਵਾਉਣ ਦੇ ਯਤਨਾਂ ਦਾ ਕੀ ਸਿੱਟਾ ਨਿਕਲਿਆ ?

3. ਸੁਪਨੇ ਵਿੱਚ ਕਿਸ ਦੇ ਮਿਲਾਪ ਦੀ ਗੱਲ ਕੀਤੀ ਗਈ ਹੈ ?

11. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ "ਰਾਖੇ" ਦਾ ਵਿਸ਼ਾ ਵਸਤੂ ਕੀ ਹੈ। **(6)**

ਜਾਂ

ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹਿਲ' ਦਾ ਵਿਸ਼ਾ ਵਸਤੂ ਲਿਖੋ ।

12. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਹੇਠ ਲਿਖੇ ਪ੍ਰਸਨਾਂ ਦੇ ਉਤੱਰ ਲਿਖੋ । 3**X**2=6

ੳ) ਡੈਡੀ ਇੱਕੀ ਸਾਲਾਂ ਤੋਂ ਸਾਡੀ ਸੇਵਾ ਕਰ ਰਹੀ ਏ।ਉਹ ਤਾ ਇੱਕ ਤਰਾ ਘਰ ਦੀ ਮੈਂਬਰ ਹੈ।ਉਹਨੂੰ ਉਹ............ ਚੁੱਪ ਰਹੁ ਮੂਰਖ ਲੱਗਾ ਏ ਮੈਨੂੰ ਮੱਤਾ ਦੇਣ।

1. ਕਿਸ ਬਾਰੇ ਗੱਲ ਹੋ ਰਹੀ ਹੈ ?
2. ਇਹ ਸ਼ਬਦ ਕਿਸ ਪੁਸਤਕ ਵਿਚੋਂ ਹਨ। ਲੇਖਕ ਦਾ ਨਾਂ ਲਿਖੋ ?
3. 'ਚੁੱਪ ਰਹੁ' ਸ਼ਬਦ ਕਿਸ ਨੇ ਕਿਸਨੂੰ ਕਹੇ ?

ਅ) ਮਾਵਾ ਹੁੰਦੀਆ ਹੀ ਕੁਰਬਾਨੀ ਦੀਆਂ ਮੂਰਤੀਆਂ ਨੇ।ਫੇਰ ਮੰਮੀ ਤੇ ਹੋਰ ਵੀ ਵਧੇਰੇ ਕਸ਼ਟ ਸਹੇ ਨੇ।

1. ਨਾਟਕ ਤੇ ਨਾਟਕਕਾਰ ਦਾ ਨਾਮ ਲਿਖੋ ?
2. ਮੰਮੀ ਨੇ ਕਿਹੜੇ ਕਸ਼ਟ ਸਹੇ ?
3. ਇਹ ਵਾਰਤਾਲਾਪ ਕਿਸ ਬਾਰੇ ਸੰਬੋਧਿਤ ਹੈ ?

Downloaded from cclchapter.com

13.ਨਾਟਕ 'ਸੋਭਾ ਸ਼ਕਤੀ' ਵਿੱਚ ਭਾਰਤੀ ਇਸਤਰੀ ਦੇ ਤੌਰ ਤੇ ਸੋਭਾ ਦੇ ਤਿੰਨ ਰੂਪਾਂ ਬਾਰੇ ਲਿਖੋ।(6)

ਜਾਂ

ਸੋਭਾ ਸਕਤੀ ਨਾਟਕ ਦੇ ਹੇਠ ਲਿਖੇ ਪਾਤਰਾ ਵਿਚੋ ਕਿਸੇ ਇੱਕ ਦਾ ਪਾਤਰ ਚਿਤਰਣ ਕਰੋ।

1. ਰਮੇਸ਼।

Scanned with OKEN Scanner

Scanned with OKEN Scanner

2. ਦੀਨ ਦਿਆਲ ਕਪੂਰ।

14. ਹੇਠ ਲਿਖੇ ਪੈਰ੍ਹਿਆ ਵਿੱਚੋ ਕਿਸੇ ਇੱਕ ਦੇ ਹੇਠਾ ਦਿੱਤੇ ਪ੍ਰਸ਼ਨਾਂ ਦੇ ਉਤੱਰ ਲਿਖੋ। **(2X2-4)**

ੳ) ਦੀਪਾ ਨਿਰਾਸ਼ ਜਿਹਾ ਹੋ ਕੇ ਘਰ ਨੂੰ ਤੁਰ ਪਿਆ। ਉਹਨੂੰ ਕੁੜੀ ਦੇ ਅੰਨ੍ਹੀ ਮਾਂ ਦਾ ਪੁੱਤ ਆਖਣ ਉੱਤੇ ਬੜਾ ਗੁੱਸਾ ਆਇਆ ਸੀ। ਉਹ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਸੀ। ਪਰ ਉਹ ਕੁੜੀ ਨਾਲ ਲੱੜ ਨਹੀ ਸਕਿਆ ਕਿਉਕਿ ਖੇਡ ਵਿੱਚ ਉਹਦੀ ਚਲਾਕੀ ਫੜੀ ਗਈ ਸੀ।

1. ਇਹ ਕਥਾ ਅੰਸ਼ ਕਹਾਣੀਕਾਰ ਦੀ ਕਿਸ ਰਚਨਾ ਵਿਚੋ ਹੈ ?
2. ਦੀਪਾ ਕੁੜੀ ਦੀ ਕਿਹੜੀ ਗੱਲ ਉੱਤੇ ਗੁੱਸਾ ਹੋਇਆ ?

ਅ) 'ਪਈ ਬੜਾ ਔਖਾ ਏ' ਸਾਈਕਲਾਂ ਨਾਲ ਵੀ। ਤੁਸੀ ਸ਼ੇਰਨੀਆ ਓ! ਖੌਰੇ ਕਿਡਾ ਕੁ ਦਿਲ ਏ ਤੁਹਾਡਾ। ਲਿਆਂ ਖਾਂ ਭਲਾ ਵੇਖਾਂ।

1. ਇਹ ਕਥਾ ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿਚੋ ਲਿਆ ਗਿਆ ਹੈ ?
2. ਇਸ ਕਥਾ ਅੰਸ਼ ਵਿੱਚ ਕੋਣ ਕਿਸਨੂੰ ਸ਼ੇਰਨੀਆ ਕਹਿੰਦਾ ਹੈ ਤੇ ਕਿਉ ?

15. 'ਬਾਗਾਂ ਦਾ ਰਾਖਾ' ਕਹਾਣੀ ਦਾ ਕੀ ਵਿਸ਼ਾ ਹੈ ? (5)

ਜਾਂ

'ਨੰਦੂ' ਕਹਾਣੀ ਦਾ ਕੀ ਵਿਸ਼ਾ ਹੈ ?

16. ਪੰਜਾਬੀ ਸਾਹਿਤ ਦਾ ਵਿਕਾਸ ਤੇ ਨਿਕਾਸ :-ਪੁੱਛੇ ਗਏ ਪ੍ਰਸਨਾ ਦੇ ਉਤੱਰ ਲਿਖੋ। 3**X**1= 3

(I) ੳ) ਆਧੁਨਿਕ ਪੰਜਾਬੀ ਨਾਟਕ ਦਾ ਪਿਤਾਮਾਂ ਕਿਸਨੂੰ ਕਿਹਾ ਜਾਂਦਾ ਹੈ ?

1. ਈਸ਼ਵਰ ਚੰਦਰ ਨੰਦਾ 2. ਬਲਵੰਤ ਗਾਰਗੀ

3. ਹਰਚਰਨ ਸਿੰਘ 4. ਸੰਤ ਸਿੰਘ ਸੇਖੋਂ

ਅ) ਗੁਰਮਤਿ ਕਾਵਿ ਧਾਰਾ ਦੇ ਮੋਢੀ ਕੋਣ ਸਨ ?

Downloaded from cclchapter.com

1. ਗੁਰੂ ਗੋਬਿੰਦ ਸਿੰਘ ਜੀ 2. ਗੁਰੂ ਨਾਨਕ ਦੇਵ ਜੀ

3. ਗੁਰੂ ਅੰਗਦ ਦੇਵ ਜੀ 4. ਗੁਰੂ ਅਮਰਦਾਸ ਜੀ

ੲ) ਪੰਜਾਬੀ ਸਾਹਿਤ ਰਚਨਾ ਦਾ ਆਰੰਭ ਕਿਸ ਤੋਂ ਹੋਇਆ ?

1. ਗੁਰਮਤਿ ਕਾਵਿ-ਧਾਰਾ 2. ਨਾਥਾਂ-ਜੋਗਿਆ ਤੋਂ

3. ਸੂਫੀ ਕਾਵਿ ਧਾਰਾ 4. ਕਿੱਸਾ ਕਾਵਿ ਧਾਰਾ

Scanned with OKEN Scanner

Scanned with OKEN Scanner

(II) ਪੰਜਾਬੀ ਦਾ ਪਹਿਲਾ ਨਾਵਲ ਸੁੰਦਰੀ ਕਿਸ ਦੀ ਰਚਨਾ ਹੈ ? (1)

(III) ਪੰਜਾਬੀ ਨਾਟਕ ਦਾ ਆਰੰਭ ਤੇ ਵਿਕਾਸ ਕਿਵੇਂ ਹੋਇਆ ? (3)

Downloaded from cclchapter.com

Scanned with OKEN Scanner

Scanned with OKEN Scanner